C·S(M) 09

Serial No. 113 **D–DTN–J–QVA**

# PUNJABI

## Paper—I

## (Literature)

*Time Allowed : Three Hours* | *Maximum Marks : 300*

## INSTRUCTIONS

*Candidates should attempt questions 1 and 5 which are compulsory, and any* ***THREE*** *of the remaining questions, selecting at least* ***ONE*** *question from each Section.*

*All questions carry equal marks.*

*Answer must be written in* ***Punjabi*** *(Gurmukhi Script).*

## SECTION—A

1. ਪੰਜਾਬੀ ਭਾਸ਼ਾ ਕਿਹੜੇ-ਕਿਹੜੇ ਵਿਕਾਸ ਪੜਾਵਾਂ ਨੂੰ ਤੈਅ ਕਰਦੀ ਹੋਈ, ਆਪਣੇ ਅਜੋਕੇ ਸੰਰੂਪ ਨੂੰ ਗ੍ਰਹਿਣ ਕਰਦੀ ਹੈ ਅਤੇ ਇਹਨਾਂ ਵਿਕਾਸ ਪੜਾਵਾਂ ਵਿਚੋਂ ਕਿਹੜਾ ਕਾਲ-ਖੰਡ, ਇਸ ਦੇ ਵਿਕਾਸ ਵਿਚ ਕਿਵੇਂ ਤੇ ਕਿਉਂ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ ? 60

2. ਭਾਸ਼ਾਈ ਤੇ ਉਪਭਾਸ਼ਾਈ ਸੰਰਚਨਾਤਮਕ ਨੇਮਾਂ ਨੂੰ ਮੁੱਖ ਰਖਕੇ ਮਾਝੀ, ਦੁਆਬੀ ਤੇ ਮਲਵਈ ਦੀਆਂ ਸਾਂਝਾਂ ਤੇ ਵੱਖਰਤਾਵਾਂ ਨੂੰ ਸਪਸ਼ਟ ਕਰੋ ਅਤੇ ਦਸੋ ਕਿ ਸਮਾਜਕ ਦਰਜਾਬੰਦੀ, ਇਹਨਾਂ ਵਿਚਲੀ ਸਾਂਝ ਤੇ ਵੱਖਰਤਾ ਵਿਚ ਕੀ ਭੂਮਿਕਾ ਨਿਭਾਉਂਦੀ ਹੈ ? 60



(Contd.)

3. ਸ਼ਬਦਾਂ ਦੀ ਹੋਂਦ ਵਿਧੀ, ਸ਼ਬਦ ਬਣਤਰ ਵਿਚ ਅੱਡ ਅੱਡ ਅੰਗਾਂ ਦਾ ਕਾਰਜ ਤੇ ਸ਼ਬਦ ਵਿਕਾਸ ਪ੍ਰਕ੍ਰਿਆ, ਕਿਸੇ ਭਾਸ਼ਾ ਦੇ ਰੂਪ-ਵਿਗਿਆਨ ਦਾ ਕਾਰਜ ਖੇਤਰ ਹੈ। ਇਹਨਾਂ ਸੰਕਲਪਾਂ ਬਾਰੇ ਸਪਸ਼ਟਤਾ ਪ੍ਰਦਾਨ ਕਰਦਿਆਂ, ਪੰਜਾਬੀ ਭਾਸ਼ਾ ਵਿਚ ਤਤਸਮ ਤੇ ਤਦਭਵ ਸ਼ਬਦਾਂ ਦੀ ਬਣਤਰ, ਵਿਕਾਸ ਪ੍ਰਕ੍ਰਿਆ ਤੇ ਮਹੱਤਾ ਬਾਰੇ ਵਿਸ਼ਲੇਸ਼ਣ ਪੇਸ਼ ਕਰੋ। 60

4. ਭਾਰਤੀ ਧਰਮ ਸਾਧਨਾ ਵਿਚ ਨਾਥ-ਜੋਗੀਆਂ ਦੇ ਮਤ ਤੇ ਸਾਹਿਤ ਦੀ ਭਰਪੂਰ ਚਰਚਾ ਕੀਤੀ ਮਿਲਦੀ ਹੈ। ਆਧੁਨਿਕ ਭਾਰਤੀ ਭਾਸ਼ਾਵਾਂ ਦੀ ਸਾਹਿਤ-ਇਤਿਹਾਸਕਾਰੀ ਵਿਚ, ਇਸਨੂੰ ਪ੍ਰਵਾਨ ਕਰਦਿਆਂ, ਆਪੋ-ਆਪਣੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਵਿਚ ਪ੍ਰਮੁੱਖ ਪਿਛੋਕੜ ਵਜੋਂ ਗ੍ਰਹਿਣ ਕੀਤਾ ਗਿਆ ਹੈ। ਕੀ ਐਸੇ ਮਤ ਨੂੰ ਪ੍ਰਵਾਨ ਕਰਦਿਆਂ, ਨਾਥ-ਜੋਗੀਆਂ ਦੇ ਸਾਹਿਤ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਪ੍ਰਾਰੰਭ ਦੀ ਪ੍ਰਮੁੱਖ ਧਾਰਾ ਤੇ ਮਧਕਾਲੀ ਪੰਜਾਬੀ ਸਾਹਿਤ ਦੇ ਪਿਛੋਕੜ ਵਜੋਂ ਮਾਨਤਾ ਦੇਣੀ ਉਚਿੱਤ ਹੈ ? ਚਰਚਾ ਕਰੋ। 60

## SECTION—B

5. ਆਧੁਨਿੱਕ ਪੰਜਾਬੀ ਕਾਵਿ ਵਿਚ ਪ੍ਰਗਤੀਵਾਦੀ ਤੇ ਨਵ-ਪ੍ਰਗਤੀਵਾਦੀ ਸੰਕਲਪਾਂ ਦੀਆਂ ਸਾਂਝਾਂ ਤੇ ਵੱਖਰਤਾਵਾਂ ਨੂੰ ਸਪਸ਼ਟ ਕਰਦੇ ਹੋਏ, ਅੰਮ੍ਰਿਤਾ-ਮੋਹਨ ਸਿੰਘ ਅਤੇ ਪਾਸ਼-ਜਗਤਾਰ ਤੇ ਸੁਰਜੀਤ ਪਾਤਰ ਕਾਵਿ ਦਾ ਵਿਸ਼ਲੇਸ਼ਣ ਕਰੋ। 60

6. ਕੀ ਮਹਾਂਕਾਵਿ ਦੀ ਪਰੰਪਰਾ ਨੂੰ ਮਧਕਾਲੀ ਪੰਜਾਬੀ ਦੀ ਕਿੱਸਾ ਕਾਵਿ ਪਰੰਪਰਾ ਦੇ ਬਦਲ ਵਜੋਂ ਗ੍ਰਹਿਣ ਕੀਤਾ ਜਾ ਸਕਦਾ ਹੈ ? ਮਹਾਂਕਾਵਿ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਨੂੰ ਮੁੱਖ ਰਖਦਿਆਂ, ਸਪਸ਼ਟ ਕਰੋ ਕਿ ਭਾਈ ਵੀਰ ਸਿੰਘ, ਅਵਤਾਰ ਸਿੰਘ ਅਜ਼ਾਦ ਤੇ ਮੋਹਨ ਸਿੰਘ ਵਿਚੋਂ ਕਿਸ ਕਵੀ ਦੀ, ਇਸ ਪਰੰਪਰਾ ਵਿਚ ਵਧੇਰੇ ਦੇਣ ਹੈ। 60



(Contd.)

7. ਪੰਜਾਬੀ ਨਾਵਲ ਦੀ ਵਿਕਾਸ ਪ੍ਰਕ੍ਰਿਆ ਵਿਚ ਨਾਨਕ ਸਿੰਘ, ਕਰਤਾਰ ਸਿੰਘ ਦੁਗਲ ਤੇ ਜਸਵੰਤ ਸਿੰਘ ਕੰਵਲ ਦੀ ਦੇਣ, ਮਹੱਤਵ ਤੇ ਪ੍ਰਾਪਤੀਆਂ ਬਾਰੇ ਵਿਸਤ੍ਰਿਤ ਚਰਚਾ ਕਰਦੇ ਹੋਏ, ਇਨ੍ਹਾਂ ਦਾ ਪੰਜਾਬੀ ਨਾਵਲ ਵਿਚ ਸਥਾਨ ਨਿਸ਼ਚਿਤ ਕਰੋ। 60

8. ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਪੰਜਾਬੀ ਵਾਰਤਕ ਦੇ ਹੋ ਚੁੱਕੇ ਪ੍ਰਮੁੱਖ ਹਸਤਾਖ਼ਰ ਹਨ, ਜਿਹਨਾਂ ਦੀ ਪੰਜਾਬੀ ਗ਼ਦ ਰਚਨਾ ਦੇ ਵਿਕਾਸ ਵਿਚ ਪ੍ਰਮੁੱਖ ਭੂਮਿਕਾ ਦੇਖੀ ਜਾ ਸਕਦੀ ਹੈ ਪਰੰਤੂ ਇਸ ਗੌਰਵਮਈ ਪਰੰਪਰਾ ਵਿਚ ਮੌਜੂਦਾ ਗ਼ਦ ਲੇਖਕ ਆਪਣਾ ਪ੍ਰਤੱਖ ਪ੍ਰਭਾਵ ਸਿਰਜਣ ਤੋਂ ਅਸਮਰਥ ਰਹੇ ਹਨ। ਇਸ ਕਥਨ ਬਾਰੇ ਆਪਣੇ ਵਿਚਾਰ ਪੇਸ਼ ਕਰੋ। 60